5

# ਦਾਊਦ ਨਾਲ ਖ਼ੁਦਾ ਦਾ ਨੇਮ

## (ਲੂਕਾ 1:68-75)

ਖ਼ੁਦਾ ਨੇ ਦਾਊਦ ਨਾਲ ਨੇਮ ਬੰਨ੍ਹਿਆ ਜਿਸ ਵਿਚ ਯਿਸੂ ਦੇ ਰਾਹੀਂ ਪੂਰਾ ਕੀਤਾ ਗਿਆ ਜਾਣ ਵਾਲਾ ਵਾਅਦਾ ਸੀ। ਆਪਣੀ ਮੌਤ ਦੇ ਨਜ਼ਦੀਕ ਦਾਊਦ ਨੇ ਕਿਹਾ ਸੀ ਕਿ ਖ਼ੁਦਾ ਨੇ ਉਦਤੇ ਨਾਲ ਨੇਮ ਬੰਨ੍ਹਿਆ ਹੈ (2 ਸਮੂਏਲ 23:5)। ਯਹੂਦਾ ਦੇਸ਼ ਦੇ ਪਤਨ ਦੇ ਸਮੇਂ ਦੇ ਵੇਰਵੇ 2 ਇਤਿਹਾਸ 21:7 ਵਿਚ ਵੀ ਇਸਦਾ ਜ਼ਿਕਰ ਹੋਇਆ ਹੈ। ਨੇਮ ਨਾਲ ਸਬੰਧਿਤ ਖ਼ੁਦਾ ਦੇ ਕਥਨਾਂ ਨੂੰ ਦਾਊਦ ਨੇ ਜ਼ਬੂਰ 89 ਵਿਚ ਲਿਖਿਆ ਸੀ:

''ਮੈਂ ਆਪਣੇ ਚੁਣੇ ਹੋਏ ਦੇ ਨਾਲ ਨੇਮ ਬੰਨ੍ਹਿਆ ਹੈ,
ਮੈਂ ਆਪਣੇ ਦਾਸ ਦਾਊਦ ਦੇ ਨਾਲ ਸੌਂਹ ਖਾਧੀ,
ਭਈ ਮੈਂ ਤੇਰੀ ਅੰਸ ਨੂੰ ਸਦਾ ਤੀਕ ਕਾਇਮ ਰੱਖਾਂਗਾ,
ਅਤੇ ਤੇਰੀ ਰਾਜ ਗੱਦੀ ਨੂੰ ਪੀੜ੍ਹੀਓਂ ਪੀੜ੍ਹੀ ਬਣਾਈ ਰੱਖਾਂਗਾ'' (ਆਇਤਾਂ 3)।

''ਮੈਂ ਸਦਾ ਉਹਦੇ ਲਈ ਆਪਣੀ ਦਇਆ ਬਣਾਈ ਰੱਖਾਂਗਾ।
ਅਤੇ ਮੇਰਾ ਨੇਮ ਉਹਦੇ ਨਾਲ ਪੱਕਾ ਰਹੇਗਾ।
ਅਤੇ ਮੈਂ ਉਹ ਦੇ ਵੰਸ ਨੂੰ ਸਦਾ ਤੀਕ,
ਅਤੇ ਉਹ ਦੀ ਰਾਜ ਗੱਦੀ ਨੂੰ ਅਕਾਸ਼ ਦੇ ਦਿਨਾਂ ਵਾਂਙੁ ਸਾਂਭਾਂਗਾ''
(ਆਇਤਾਂ 28, 29)।

''ਮੈਂ ਆਪਣੇ ਨੇਮ ਨੂੰ ਭ੍ਰਿਸ਼ਟ ਨਾ ਕਰਾਂਗਾ,
ਅਤੇ ਜੋ ਮੇਰੇ ਬੁੱਲ੍ਹਾਂ ਵਿੱਚੋਂ ਨਿੱਕਲਿਆ ਉਹਨੂੰ ਨਾ ਬਦਲਾਂਗਾ।
ਇਕ ਵਾਰ ਮੈਂ ਆਪਣੀ ਪਵਿੱਤਰਤਾਈ ਦੀ ਸਹੁੰ ਖਾ ਚੁੱਕਾ ਹਾਂ,
ਫੇਰ ਦਾਊਦ ਦੇ ਨਾਲ ਝੂਠ ਨਾ ਬੋਲਾਂਗਾ ਉਹਦਾ ਵੰਸ਼ ਅਨੰਤਕਾਲ ਤੀਕ,
ਅਤੇ ਉਹ ਦੀ ਰਾਜ ਗੱਦੀ ਸੂਰਜ ਵਾਂਙੁ ਮੇਰੇ ਅੱਗੇ ਬਣੀ ਰਹੇਗੀ' (ਆਇਤਾਂ 34-36)

ਨਾਥਾਨ ਨੇ ਦਾਊਦ ਨੂੰ ਉਸਦੀ ਗੱਦੀ ਦੇ ਸਦਾ ਤਕ ਰਹਿਣ ਦਾ ਭਰੋਸਾ ਦਿੱਤਾ (2 ਸਮੂਏਲ 7:13, 16)। ਮੀਕਾ ਨੇ ਭਵਿੱਖਬਾਣੀ ਕੀਤੀ ਸੀ ਕਿ ਉਹ ਰਾਜਾ ਬੈਤਲਹਮ ਤੋਂ ਨਿੱਕਲੇਗਾ (ਮੀਕਾ 5:2)। ਦਾਨੀਏਲ ਨੇ ਵੀ ਇਕ ਦਰਸ਼ਨ ਅਤਿ ਪ੍ਰਾਚੀਨ ਦੇ ਲੋਕ ਉੱਪਰ ਜਾਂਦੇ ਹੋਏ ਅਤੇ ਉਸਨੂੰ ਅਨੰਤ ਰਾਜ ਵਿਚ ਲੈਂਦੇ ਹੋਏ ਮਨੁੱਖ ਦੇ ਰੂਪ ਵਿਚ ਵੇਖਿਆ ਸੀ (ਦਾਨੀਏਲ 7:13, 14) ਦਾਊਦ ਦੀ ਗੱਦੀ ਤੇ ਬੈਠਣ ਵਾਲੇ ਰਾਜੇ ਬਾਰੇ ਯਸਾਸਾਹ ਨੇ ਕਿਹਾ (ਯਸਾਯਾਹ 9:6, 7)।

ਇਹ ਨਬੂਵਤਾਂ ਯਿਸੂ ਵਿਚ ਪੂਰੀਆਂ ਹੋਈਆਂ ਜੋ ਦਾਊਦ ਦੀ ਅੰਸ ਅਤੇ ਯਹੂਦਾ ਦੇ ਕਬੀਲੇ

ਵਿੱਚੋਂ ਸੀ। ਆਪਣੇ ਪੁੱਤਰ ਨੂੰ ਬਰਕਤ ਦਿੰਦਿਆਂ, ਯਾਕੂਬ ਤੋਂ ਰਾਜ ਦਾ ਡੰਡਾ ਨਹੀਂ ਛੁੱਟਣਾ ਸੀ (ਉਤਪਤ 49:10)। ਦਾਊਦ ਨਾਲ ਹੋਰ ਵੀ ਜੁੜੀਆਂ ਨਬੂਵਤਾਂ ਵਿਚ ਸੰਕੇਤ ਦਿੱਤਾ ਗਿਆ ਹੈ ਕਿ ਉਸਦੀ ਸੰਤਾਨ ਵਿੱਚੋ ਇਕ ਰਾਜਾ ਉੱਠੇਗਾ ਜੋ ਖ਼ੁਦਾ ਦੇ ਲੋਕਾਂ ਤੇ ਹਕੂਮਤ ਕਰੇਗਾ![1] ਬਿਲਕੁਲ ਉਵੇਂ ਜਿਵੇਂ ਦਾਊਦ ਨੇ ਉਨ੍ਹਾਂ ਤੇ ਹਕੂਮਤ ਕੀਤੀ ਸੀ।

ਜ਼ਿਬਰਾਈਲ ਫ਼ਰਿਸ਼ਤੇ ਨੇ ਮਰੀਅਮ ਨੂੰ ਯਿਸੂ ਦੇ ਰਾਜ ਦੇ ਬਾਰੇ ਦੱਸਦਿਆਂ ਇਨ੍ਹਾਂ ਭਵਿੱਖਬਾਣੀਆਂ ਦਾ ਸਬੰਧ ਯਿਸੂ ਨਾਲ ਜੋੜਿਆ: ''ਉਹ ਮਹਾਨ ਹੋਵੇਗਾ; ਅਤੇ ਅੱਤ ਮਹਾਨ ਦਾ ਪੁੱਤਰ ਸਦਾਵੇਗਾ; ਅਤੇ ਪ੍ਰਭੂ ਪਰਮੇਸ਼ੁਰ ਉਸਦੇ ਪਿਤਾ ਦਾਊਦ ਦਾ ਤਖ਼ਤ ਉਹਨੂੰ ਦੇਵੇਗਾ। ਉਹ ਜੁੱਗੋ ਜੁੱਗ ਯਾਕੂਬ ਦੇ ਘਰਾਣੇ ਉੱਤੇ ਰਾਜ ਕਰੇਗਾ, ਅਤੇ ਉਹ ਦੇ ਰਾਜ ਦਾ ਅੰਤ ਨਾ ਹੋਵੇਗਾ'' (ਲੂਕਾ 1:32, 33)।

ਇਹ ਸਭ ਨਬੂਵਤਾਂ ਉਦੋਂ ਪੂਰੀਆਂ ਹੋਈਆਂ ਜਦ ਯਿਸੂ ਸੁਰਗ ਵਿਚ ਜਾ ਕੇ ਪਿਤਾ ਦੇ ਸੱਜੇ ਹੱਥ ਬੈਠ ਗਿਆ ਅਤੇ ਕੁਝ ਉਸਦੇ ਅਧੀਨ ਹੋ ਗਿਆ।[2] ਉਦੋਂ ਹੀ ਯਿਸੂ ਨੂੰ ਸੁਰਗ ਅਤੇ ਧਰਤੀ ਦਾ ਸਾਰਾ ਅਖਤਿਆਰ ਦੇ ਦਿੱਤਾ ਗਿਆ (ਮੱਤੀ 28:18)। ਜਿਨ੍ਹਾਂ ਦੇ ਪਾਪ ਮਾਫ਼ ਹੋ ਜਾਂਦੇ ਹਨ ਉਨ੍ਹਾਂ ਨੂੰ ਹਨੇਰੇ ਅਤੇ ਸ਼ੈਤਾਨ ਦੀ ਸ਼ਕਤੀ ਵਿੱਚੋਂ ਕੱਢ ਕੇ ਯਿਸੂ ਦੇ ਰਾਜ ਵਿਚ ਲਿਆਇਆ ਜਾਂਦਾ ਹੈ (ਰਸੂਲਾਂ ਦੇ ਕੰਮ 2:38; 26:18; ਕੁਲੁੱਸੀਆਂ 1:13)।

ਯਿਸੂ ਹੀ ਖ੍ਰਿਸਟੁਸ ਅਰਥਾਤ ਮਸੀਹ ਹੈ (ਯੂਹੰਨਾ 1:41; ਰਸੂਲਾਂ ਦੇ ਕੰਮ 2:36)। ਉਹ ਹੁਣ ਰਾਜ ਕਰਦਾ ਹੈ, ਇਸ ਕਰਕੇ ਉਸਦੀ ਮੰਨਣਾ ਜ਼ਰੂਰੀ ਹੈ, ਨਹੀਂ ਤਾਂ ਸਾਡਾ ਨਾਸ ਹੋ ਜਾਵੇਗਾ (ਰਸੂਲਾਂ ਦੇ ਕੰਮ 3:23)।

ਜੋ ਨੇਮ ਖ਼ੁਦਾ ਨੇ ਦਾਊਦ ਨਾਲ ਬੰਨ੍ਹਿਆ ਸੀ, ਉਹ ਯਿਸੂ ਵਿਚ ਪੂਰਾ ਹੋ ਗਿਆ ਹੇ। ਇਸ ਨੇਮ ਨੂੰ ਪੂਰਾ ਕਰਨ ਲਈ ਖ਼ੁਦਾ ਨੇ ਰਾਜਾ ਅਰਥਾਤ ਰਾਜਾ ਨੂੰ ਦਾਊਦ ਦੇ ਤਖ਼ਤ ਤੇ ਲਿਆਉਣ ਅਤੇ ਖ਼ੁਦਾ ਦੇ ਲੋਕਾਂ ਉੱਤੇ ਰਾਜ ਕਰਨ ਲਈ ਭੇਜਿਆ ਸੀ। ਯਿਸੂ ਨੂੰ ਭੇਜ ਕੇ, ਖ਼ੁਦਾ ਨੇ ਦਾਊਦ ਨਾਲ ਕੀਤੇ ਆਪਣੇ ਕੌਲ ਨੂੰ ਪੂਰਾ ਕਰ ਦਿੱਤਾ ਸੀ।

---

ਟਿੱਪਣੀਆਂ

[1]ਵੇਖੋ ਯਿਰਮਿਯਾਹ 23:5; 30:9; 33:15; ਹਿਜ਼ਕੀਏਲ 34:23, 24; 37:24, 25; ਹੋਸ਼ੇਆ 3:5; ਜ਼ਕਰਯਾਹ 12:10; [2]ਵੇਖੋ ਮਰਕੁਸ 16:19; ਰਸੂਲਾਂ ਦੇ ਕੰਮ 2:34, 35; 1 ਕੁਰਿੰਥੀਆਂ 15:27; ਅਫ਼ਸੀਆਂ 1:19-23; 1 ਪਤਰਸ 3:22.